# ਮੁਸਲਮਾਨ ਇਮਾਮ ਮਹਦੀ ਦੀ ਖੋਜ ਵਿੱਚ

ਅਲੱਾਹ ਤਆਲਾ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੂੰ ਖ਼ਾਤਾਮੁਲ ਅੰਬਿਆ ਦੇ ਰੁਤਬੇ ਉਪੱਰ ਨਿਯੁਕਤ ਕਰਕੇ ਸੰਪੂਰਨ ਤੇ ਸਦੈਵੀ ਸ਼ਰੀਅਤ ਕੁਰਆਨ ਮਜੀਦ ਬਖ਼ਸ਼ ਕੇ ਸਾਰੀ ਦੁਨੀਆ ਲਈ ਰਹਿਮਤ ਬਣਾਕੇ ਭੇਜਿਆ । ਇਹੋ ਕਾਰਣ ਹੈ ਕਿ ਇਸਲਾਮ ਦੀ ਇਸ ਸੁੰਦਰ ਸਿੱਖਿਆ ਦੇ ਚਾਨ੍ਹਣੇ ਨੇ ਸਾਰੀ ਦੁਨੀਆਂ ਦੇ ਇਕ ਵੱਡੇ ਭਾਗ ਨੂੰ ਆਪਣੀ ਕੁਛੜ ਵਿੱਚ ਲੈ ਲਿਆ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਫਲੱਮ ਦੇ ਬਾਦ ਖ਼ੁਲਫ਼ਾਏ ਰਾਸ਼ਦੀਨ ਅਤੇ ਮੁਜਦੱਦੀਨਿ ਉਮੱਤ ਰਾਹੀਂ ਲਗਭਗ ਇਕ ਹਜ਼ਾਰ ਸਾਲ ਤੱਕ ਇਹ ਅਮਨ ਬਖ਼ਸ਼ ਸਿੱਖਿਆ ਆਪਣੀਆਂ ਬਹਾਰਾਂ ਦਿਖਾਉਂਦੀ ਰਹੀ । ਅੰਤ ਨੂੰ ਮੁਸਲਮਾਨਾ ਦੀ ਕੁਰਆਨੀ ਸਿੱਖਿਆ ਅਤੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੀਆਂ ਲੀਹਾਂ ਤੋਂ ਮੂੰਹ ਮੋੜਨ ਅਤੇ ਬਦਅਮਲਾਂ ਵਿੱਚ ਗ੍ਰਿੱਸੇ ਜਾਣ ਦੇ ਸਿੱਟੇ ਵਿੱਚ ਸੱਚੀਆਂ ਖ਼ਬਰਾਂ ਲਿਆਉਣ ਵਾਲੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੀ ਉਹ ਰੱਬ ਦਾ ਖ਼ੌਫ਼ ਦੁਆਉਣ ਵਾਲੀ ਭੱਖਿਬਾਣੀ ਪੂਰੀ ਹੋਈ, ਜਿਸ ਵਿੱਚ ਫ਼ਰਮਾਇਆ ਸੀ ਕਿ ਇਸਲਾਮ ਦਾ ਕੇਵਲ ਨਾਂ ਬਾਕੀ ਰਹਿ ਜਾਵੇਗਾ । ਕੁਰਆਨ ਮਜੀਦ ਦੇ ਕੇਵਲ ਸ਼ਬਦ ਰਹਿ ਜਾਣਗੇ । ਮਸਜਿਦਾਂ ਵੱਡੀਆਂ ਅਲੀਸ਼ਾਨ ਅਤੇ ਵੱਸਦੀਆਂ ਦਿੱਸਣਗੀਆਂ ਪਰ ਹਿਦਾਇਤ (ਸਿੱਖਿਆ) ਤੋਂ ਖਾਲੀ ਹੋਣਗੀਆਂ ਅਤੇ ਉਹਨਾਂ ਦੇ ਜ਼ਾਹਰ ਪ੍ਰਸਤ ਮੁਲੱਾ ਆਕਾਸ਼ ਹੇਠ ਅਤਿਅੰਤ ਭੈੜੀ ਮਖ਼ਲੂਕ ਹੋਣਗੇ ਕਿਉਂਕਿ ਉਹਨਾਂ ਵਿੱਚੋਂ ਹੀ ਫ਼ਿਤਨੇ ਨਿਕਲਣਗੇ ਅਤੇ ਫ਼ਿਰ ਉਹਨਾਂ ਵਿੱਚ ਹੀ ਪਰਤ ਜਾਣਗੇ । (ਮਿਸ਼ਕਾਤ ਕਿਤਾਬੁਲ ਇਲਮ)

ਪਰ ਇਸ ਦੇ ਨਾਲ ਹੀ ਇਕ ਖ਼ੁਸ਼ਖ਼ਬਰੀ ਵੀ ਦਿੱਤੀ ਸੀ ਕਿ ਅਜਿਹੇ ਫ਼ਿਤਨੇ ਤੇ ਫ਼ਸਾਦ ਦੇ ਦੌਰ ਵਿੱਚ ਜੱਦਕਿ ਈਮਾਨ ਸੁਰੱਯਾ ਤਾਰੇ ਉਪੱਰ ਚਲਾ ਗਿਆ ਹੋਵੇਗਾ ਫ਼ਾਰਸ ਦੀ ਨਸਲ ਵਿੱਚੋਂ ਇਕ ਮਨੁੱਖ ਜਾਂ ਕੁਝ ਮਨੁੱਖ ਉਸ ਈਮਾਨ ਨੂੰ ਉੱਥੋਂ ਲਿਆਕੇ ਲੋਕਾਂ ਦੇ ਦਿਲਾਂ ਵਿੱਚ ਕਾਇਮ ਕਰ ਦੇਵੇਗਾ ।

ਹੇ, ਮੁਸਲਮਾਨ ਭਰਾਓ ! ਈਮਾਨ ਨੂੰ ਸੁਰੱਯਾ ਸਿਤਾਰੇ ਤੋਂ ਲਾਹੁਣ ਵਾਲੇ ਵਜੂਦ ਦਾ ਨਾਂ ਹੀ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੇ ਮਸੀਹ ਮਊਦ ਅਤੇ ਮਹਦੀ ਮਊਦ ਰੱਖਿਆ ਹੈ । ਜਿਵੇਂ ਕਿ ਇਬਨੇ ਮਾਜਾ ਦੀ ਹਦੀਸ ਹੈ ਕਿ 'ਲੱਲਮਹਦੀਯੁ ਇਲੱਾ ਈਸਾ' ਕਿ ਮਹਦੀ ਅਤੇ ਮਸੀਹ ਦੋਵੇਂ ਇਕ ਹੀ ਵਜੂਦ ਦੇ ਦੋ ਨਾਂ ਹਨ । ਫਿਰ ਉਸ ਮਊਦ ਆਖ਼ਿਰੁਜ਼ੱਮਾਂ (ਅੰਤਮ ਯੁੱਗ ਦੇ ਸੁਧਾਰਕ) ਨੂੰ 'ਹਕਮ' (ਨਿਰਣਾਕਾਰੀ), 'ਅਦਲ' (ਨਿਆ) ਅਤੇ 'ਕਾਸਰੇ ਸਲੀਬ' ਆਦਿ ਨਾਵਾਂ ਨਾਲ ਵੀ ਯਾਦ ਕੀਤਾ ਗਿਆ ਹੈ ਅਤੇ ਉਸਦੇ ਸਮੇਂ ਵਿੱਚ ਤਲਵਾਰ ਦੀਆਂ ਜੰਗਾ ਦੇ ਖ਼ਾਤਮੇ ਦੀ ਖ਼ਬਰ ਦਿੰਦੇ ਹੋਏ ''ਯਜ਼ਾਉਲ ਹਰਬ'' (ਅਰਥਾਤ ਧਾਰਮਕ ਜੰਗਾ ਦਾ ਖ਼ਾਤਮਾ ਕਰਨ ਵਾਲਾ) ਫ਼ਰਮਾਇਆ (ਦੇਖੋ ਬੁਖ਼ਾਰੀ ਸ਼ਰੀਫ਼) ਅਰਥਾਤ ਉਹ ਸਮਾਂ ਕੇਵਲ ਲੋਕਾਂ ਨੂੰ ਪਾਕ ਕਰਨ ਅਤੇ ਕੁਰਆਨ ਕਰੀਮ ਦੀ ਅਮਨ ਬਖ਼ਸ਼ ਸਿੱਖਿਆ ਨੂੰ ਪਿਆਰ ਤੇ ਮੁਹਬੱਤ ਨਾਲ ਪ੍ਰਚਾਰ ਕਰਨ ਦੇ ਜਿਹਾਦ ਦਾ ਸਮਾਂ ਹੋਵੇਗਾ । ਅਤੇ ਇਹ ਵੀ ਖ਼ੁਸ਼ਖ਼ਬਰੀ ਦਿੱਤੀ ਕਿ ਸੱਚੇ ਇਮਾਮ ਮਹਦੀ ਦੀ ਸਚੱਾਈ ਦਾ ਇਹ ਚਿੰਨ੍ਹ ਹੋਵੇਗਾ ਕਿ ਉਸਦੇ ਪ੍ਰਗਟ ਹੋਣ ਦੇ ਬਾਦ ਰਮਜ਼ਾਨ ਦੇ ਮਹੀਂਨੇ ਵਿੱਚ ਚੰਦ੍ਰਮਾ ਗ੍ਰਹਿਣ ਦੀਆਂ ਮਿਤੀਆਂ ਵਿੱਚੋਂ ਪਹਿਲੀ ਮਿਤੀ ਨੂੰ ਅਤੇ ਸੂਰਜ ਗ੍ਰਹਿਣ ਦੀ ਮਿਤੀਆਂ ਵਿੱਚੋਂ ਵਿਚਕਾਰਲੀ ਮਿਤੀ ਨੂੰ ਗ੍ਰਹਿਣ ਲੱਗੇਗਾ । (ਦਾਰੁਲ ਕੁਤਨੀ)

ਇਹ ਗੱਲ ਤਾਂ ਸਪਸ਼ਟ ਹੈ ਕਿ ਹਜ਼ਰਤ ਈਸਾ ਅਲੈਹਿ ਸਲਾਮ ਜੋ ਦੋ ਹਜ਼ਾਰ ਸਾਲ ਪਹਿਲਾਂ ਬਨੀ ਇਸਰਾਈਲ ਵੱਲ ਰਸੂਲ ਬਣਾ ਕੇ ਭੇਜੇ ਗਏ ਸਨ । ਕੁਰਆਨ ਕਰੀਮ ਅਤੇ ਹਦੀਸਾਂ ਤੋਂ ਪ੍ਰਮਣਤ ਹੋ ਚੁੱਕਿਆ ਹੈ ਕਿ ਉਹ ਵਫ਼ਾਤ ਪਾ ਚੁੱਕੇ

ਹਨ ਅਤੇ ਉਹ ਮਸੀਹ ਮਊਦ ਜਿਸਦੀ ਖ਼ਬਰ ਦਿੱਤੀ ਗਈ ਹੈ ਉਹ ਅਸਲ ਵਿੱਚ ਇਸੇ ਉਮੱਤ (ਕੌਮ) ਵਿੱਚੋਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੀ ਗ਼ੁਲਾਮੀ ਵਿੱਚ ਪ੍ਰਗਟ ਹੋਣ ਵਾਲਾ ਇਕ ਮਨੁੱਖ ਹੈ ਜਿਸਦੇ ਬਾਰੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦਾ ਤਾਕੀਦੀ ਹੁਕੁਮ ਹੈ ਕਿ ( اذا رایتموہ فبایعوہ ولوحبواعلی الثلج فانہ خلیفۃاللہ المھدی۔
(ابوداؤدجلد دوم باب خروج المہری)
ਕਿ ਹੇ, ਮੁਸਲਮਾਨੋ ਜੱਦ ਵੀ ਤੁਸੀਂ ਉਸਨੂੰ (ਅਰਥਾਤ ਇਮਾਮ ਮਹਦੀ ਨੂੰ) ਦੇਖੋ ਤਾਂ ਝੱਟ ਉਸਦੀ ਬੈਅਤ ਕਰ ਲੈਣਾ, ਬੇਸ਼ਕ ਤੁਹਾਨੂੰ ਬਰਫ਼ ਉਪੱਰੋਂ ਦੀ ਗੋਡਿਆ ਭਾਰ ਜਾਣਾ ਪਵੇ ਕਿਉਂਕਿ ਉਹ ਅਲੱਾਹ ਦਾ ਖ਼ਲੀਫ਼ਾ ਮਹਦੀ ਹੈ ।

ਇਸ ਲਈ ਤੇਰ੍ਹਵੀਂ ਸਦੀ ਹਿਜਰੀ ਦੇ ਅੰਤ 'ਤੇ ਅਨੇਕਾਂ ਬਜ਼ੁਰਗ ਰੱਬਾਨੀ ਵਿਦਵਾਨਾਂ (ਮਹਾਂਪੁਰਸ਼ਾਂ) ਨੇ ਰੱਬ ਰਾਹੀਂ ਗਿਆਨ ਪ੍ਰਾਪਤ ਕਰਕੇ ਇਮਾਮ ਮਹਦੀ ਦੇ ਪ੍ਰਗਟ ਹੋਣ ਦੇ ਸਮੇਂ ਦੀਆਂ ਖ਼ਬਰਾਂ ਦਿੱਤੀਆਂ ਸਨ ।

ਇਸੇ ਪ੍ਰਕਾਰ ਹਜ਼ਰਤ ਸ਼ਾਹ ਵਲੀਉਲੱਾਹ ਸਾਹਬ ਮੁਹੱਦਿਸ ਦਿਹਲਵੀ ਰਹਿਮਾਤੁਲੱਾਹ ਅਲੈਹਿ ਨੇ ਫ਼ਰਮਾਇਆ ਸੀ ਕਿ "ਮੇਰੇ ਬਹੁਤ ਹੀ ਵੱਡਿਆਈ ਵਾਲੇ ਰੱਬ ਨੇ ਮੈਨੂੰ ਦੱਸਿਆ ਹੈ ਕਿ ਕਯਾਮਤ ਨੇੜੇ ਆ ਗਈ ਹੈ ਅਤੇ ਇਮਾਮ ਮਹਦੀ ਪ੍ਰਗਟ ਹੋਣ ਲਈ ਤਿਆਰ ਹੈ ।" (ਤਫ਼ਹੀਮਾਤੇ ਇਲਾਹੀਯਾ)

ਪਿਆਰੇ ਭਰਾਓ ! ਅਲੱਾਹ ਤਆਲਾ ਨੇ ਆਪਣੇ ਵਾਦਿਆਂ ਅਨੁਸਾਰ ਆਪਣੇ ਸਭ ਤੋਂ ਪਿਆਰੇ ਤੇ ਮਹਾਨ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੀਆਂ ਵਰਨਣ ਸਾਰੀਆਂ ਪੇਸ਼ਗੋਈਆਂ (ਭਵਿਖਬਾਣੀਆਂ) ਦੇ ਅਨੁਕੂਲ ਐਨ ਚੌਦਵੀਂ ਸਦੀ ਦੇ ਸਿਰੇ ਉਪੱਰ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਅਲੈਹਿ ਸਲਾਮ ਨੂੰ ਮਸੀਹ ਮਊਦ ਤੇ ਮਹਦੀ ਮਊਦ ਦੇ ਰੁਤਬੇ ਉਪੱਰ ਨਿਰਧਾਰਤ ਕਰਕੇ ਭੇਜਿਆ ਹੈ ਜਿਸਦਾ ਆਪਨੇ ਇਉਂ ਐਲਾਨ ਫ਼ਰਮਾਇਆ ਹੈ ਕਿ
"ਮੈਨੂੰ ਰੱਬ ਦੀ ਪਾਕ ਤੇ ਪਵਿਤੱਰ ਵਹੀ ਰਾਹੀਂ ਸੂਚਨਾ ਦਿੱਤੀ ਗਈ ਹੈ ਕਿ ਮੈਂ ਉਸ ਵੱਲੋਂ ਮਸੀਹ ਮਊਦ ਤੇ ਮਹਦੀ ਮਊਦ ਅਤੇ ਆਂਤਰਕ ਤੇ ਬਾਹਰੀ ਮਤਿਭੇਦਾਂ ਦਾ ਹਕਮ (ਨਿਰਣਾਕਾਰੀ) ਹਾਂ ।" (ਅਰਬਾਈਨ ਭਾਗ ਪਹਿਲਾ ਪੰਨਾ 3 ਬ–ਹਵਾਲਾ ਰੂਹਾਨੀ ਖ਼ਜ਼ਾਇਨ ਭਾਗ 17 ਪੰਨਾ 345)

ਆਪ 1835 ਈ. ਅਨੁਸਾਰ 1250 ਹਿਜਰੀ ਵਿੱਚ ਪੈਦਾ ਹੋਏ । 1889 ਈ ਵਿੱਚ ਇਲਾਹੀ ਹੁਕੁਮ ਨਾਲ ਬੈਅਤ ਲੈਣਾ ਅਰੰਭ ਕੀਤਾ ਅਤੇ ਇਸ ਕਾਰਜ ਲਈ ਦਸ ਸ਼ਰਤਾਂ ਨਿਯੁਕਤ ਕੀਤੀਆਂ ਜਿੰਨਾ ਵਿੱਚ ਸ਼ਿਰਕ ਨਾ ਕਰਨ, ਰੱਬ ਅਤੇ ਉਸਦੇ ਰਸੂਲ ਹਜ਼ਰਤ ਮੁਹੱਮਦ ਸਲਲੱਾਹੁ ਅਲੈਹਿ ਵਸਲੱਮ ਦੀਆਂ ਗੱਲਾਂ ਉਪੱਰ ਅਮਲ ਕਰਨ, ਕੁਰਆਨ ਮਜੀਦ ਨੂੰ ਸੰਪੂਰਨ ਅਧਿਆਤਮਕ ਪੁਸਤਕ ਮਨੰਣ, ਪ੍ਰਤੀ ਦਿਨ ਪੰਜ ਵੇਲੇ ਦੀਆਂ ਨਮਾਜ਼ਾਂ ਦੀ ਅਦਾਇਗੀ, ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਉਪਕਾਰਾਂ ਨੂੰ ਯਾਦ ਕਰਨ ਤੇ ਉਹਨਾਂ 'ਤੇ ਦੁਰੂਦ ਭੇਜਣ ਅਤੇ ਮਨੁਖੱਤਾ ਦੀ ਸੇਵਾ ਵਿੱਚ ਜਤਨਬੱਝ ਰਹਿਣ ਆਦਿ ਦੀਆਂ ਇਸਲਾਮੀ ਸਿੱਖਿਆਵਾਂ ਦਾ ਵਰਨਣ ਕੀਤਾ । ਆਪ ਨੇ 1891 ਈ. ਵਿੱਚ ਇਮਾਮ ਮਹਦੀ ਤੇ ਮਸੀਹ ਮਊਦ ਹੋਣ ਦਾ ਦਾਵਾ ਕੀਤਾ । ਆਪ ਦੀ ਸਚੱਾਈ ਦੀ ਪ੍ਰਮਾਣਕਤਾ ਲਈ ਰੱਬ ਨੇ ਅਨੇਕਾਂ ਚਮਤਕਾਰ ਦਿਖਾਏ । ਸਭ ਤੋਂ ਵੱਧ ਕੇ ਹਜ਼ਰਤ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦਾ ਵਰਨਣ ਕੀਤਾ ਸੂਰਜ ਤੇ ਚੰਦ੍ਰਮਾ ਦੇ ਗ੍ਰਹਿਣ ਦਾ ਚਮਤਕਾਰ ਸੀ, ਜੋ 1894 ਈ. ਦੇ ਰਮਜ਼ਾਨ ਦੇ ਪਵਿਤੱਰ ਮਹੀਨਿ ਵਿੱਚ ਪੂਰਬੀ ਦੁਨੀਆ ਵਿੱਚ ਅਤੇ 1895 ਈ. ਦੇ ਰਮਜ਼ਾਨ ਦੇ ਮਹੀਨਿ ਵਿੱਚ ਪਛੱਮੀ ਦੁਨੀਆ ਵਿੱਚ ਪ੍ਰਗਟ ਹੋਇਆ ਜਿਸਨੂੰ ਲੱਖਾਂ ਹੀ ਲੋਕਾਂ ਨੇ ਦੇਖਿਆ ਅਤੇ ਉਸ ਸਮੇਂ ਦੀਆਂ ਅਖ਼ਬਾਰਾਂ ਤੇ ਰਸਾਲਿਆਂ ਵਿੱਚ ਇਸ ਦਾ ਵਰਨਣ ਮਿਲਦਾ ਹੈ । ਸੋ, :

ਸਾਫ਼ ਦਿਲ ਕੋ ਕਸਰਤੇ ਏਜਾਜ਼ ਕੀ ਹਾਜਤ ਨਹੀ ।
ਇਕ ਨਿਸ਼ਾਂ ਕਾਫ਼ੀ ਹੈ ਗਰ ਦਿਲ ਮੇਂ ਹੋ ਖ਼ੌਫ਼ੇ ਕਿਰਦਿਗਾਰ ।।

ਇਸ ਗੱਲ ਦਾ ਵਿਸ਼ਲੇਸ਼ਣ ਵੀ ਅਤਿ ਜ਼ਰੂਰੀ ਹੈ ਕਿ ਅਨਜਾਣ ਮੁਸਲਮਾਨਾਂ ਨੂੰ ਬਦਜ਼ਨ ਤੇ ਗੁਮਰਾਹ ਕਰਨ ਲਈ ਇਹ ਆਰੋਪ ਲਾਇਆ ਜਾਂਦਾ ਹੈ ਕਿ ਨਊਜ਼ ਬਿਲੱਾਹ(ਰੱਬ ਨ ਕਰੇ) ਜਮਾਤ ਅਹਮਦੀਆ ਦੇ ਲੋਕ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੂੰ ਖ਼ਾਤਮੁਨੱਬੀਯੀਨ ਨਹੀਂ ਮਨ੍ਹਦੇ । ਉਹਨਾ ਦਾ ਕਲਮਾ, ਕਿਬਲਾ ਤੇ ਕੁਰਆਨ ਆਦਿ ਸਭ ਵੱਖਰਾ ਹੈ । ਇਹ ਸਭ ਝੂਠ ਤੇ ਆਰੋਪ ਹਨ ।

ਬਾਨੀ ਜਮਾਤ ਅਹਮਦੀਆ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਅਲੈਹਿ ਸਲਾਮ ਨੇ ਇਮਾਮ ਮਹਦੀ ਅਤੇ ਮਸੀਹ ਮਊਦ ਹੋਣ ਦੇ ਪੱਖੋਂ ਉਮੱਤੀ ਨਬੀ ਹੋਣ ਦਾ ਜੋ ਦਰਜਾ, ਰੁਤਬਾ ਤੇ ਇਲਾਹੀ ਇਲਹਾਮ ਤੇ ਕਲਾਮ ਦਾ ਮਾਣ ਪ੍ਰਾਪਤ ਕੀਤਾ ਹੈ ਉਸਦਾ ਸਪਸ਼ਟੀਕਰਨ ਕਰਦੇ ਹੋਏ ਫ਼ਰਮਾਉਂਦੇ ਹਨ :-

"ਇਹ ਮਾਣ ਮੈਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੀ ਪੈਰ੍ਹਵੀ ਤੋਂ ਪ੍ਰਾਪਤ ਹੋਇਆ ਹੈ । ਜੇਕਰ ਮੈਂ ਹਜ਼ਰਤ ਮੁਹਮੱਦ ਸਲਲੱਹੁ ਅਲੈਹਿ ਵਸਲੱਮ ਦੀ ਉਮੱਤ ਵਿੱਚੋਂ ਨ ਹੁੰਦਾ ਅਤੇ ਆਪਦੀ ਪੈਰ੍ਹਵੀ ਨ ਕਰਦਾ ਤਾਂ ਬੇਸ਼ਕ ਦੁਨੀਆ ਦੇ ਸਾਰਿਆਂ ਪਹਾੜਾਂ ਦੇ ਬਰਾਬਰ ਮੇਰੇ ਕਰਮ ਹੁੰਦੇ ਤਾਂ ਵੀ ਮੈਂ ਕਦੇ ਇਹ ਮਾਣ ਇਲਾਹੀ ਕਲਾਮ ਤੇ ਸੰਬੋਧਨ ਨ ਪ੍ਰਾਪਤ ਕਰਦਾ, ਕਿਉਂਕਿ ਹੁਣ ਸਿਵਾਏ ਮੁਹਮੱਦੀ ਨਬੁਵੱਤ ਦੇ ਸਾਰੀਆਂ ਨਬੁਵੱਤਾਂ ਬੰਦ ਹਨ । ਸ਼ਰੀਅਤ ਵਾਲਾ ਨਬੀ ਕੋਈ ਸਹੀਂ ਆ ਸਕਦਾ ਅਤੇ ਬਿਨਾ ਸ਼ਰੀਅਤ ਦੇ ਨਬੀ ਹੋ ਸਕਦਾ ਹੈ ਪਰ ਉਹੋ ਜੋ ਪਹਿਲਾਂ ਉਮੱਤੀ ਹੋਵੇ । ਸੋ, ਇਸੇ ਕਰਕੇ ਹੀ ਮੈਂ ਪਹਿਲਾ ਉਮੱਤੀ ਵੀ ਹਾਂ ਅਤੇ ਨਬੀ ਵੀ ।" (ਤਜੱਲੀਯਾਤੇ ਇਲਾਹੀਯਾ, ਰੂਹਾਨੀ ਖ਼ਜ਼ਾਇਨ ਭਾਗ 20 ਪੰਨਾ 411)

ਇਸੇ ਪ੍ਰਕਾਰ ਆਪ ਨੇ ਇਲਾਹੀ ਹੁਕਮ ਅਨੁਸਾਰ (ਸੂਰਤ ਨੂਰ ਆਇਤ 56) ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਅਹਿ ਵਸਲੱਮ ਦੇ ਫ਼ਰਮਾਨ (ਮਸਨਦ ਅਹਮਦ ਬਿਨ ਹੰਬਲ ਭਾਗ 4 ਪੰਨਾ 273, ਮਿਸ਼ਕਾਤ ਬਾਬੁਲ ਅੰਜ਼ਾਰਿ ਵਤੱਹਜ਼ੀਰ) ਮੁਜਬ ਖ਼ਿਲਾਫ਼ਤ ਅਲਾ ਮਿਨਹਾਜੇ ਨਬੁਵੱਤ ਦੀ ਨੀਂਹ ਰੱਖੀ ਜੋ ਵਾਸਤਵ ਵਿੱਚ ਖ਼ਿਲਾਫ਼ਤੇ ਹੱਕਾ ਇਸਲਾਮੀਯਾਹ ਦਾ ਪ੍ਰਤੀਬਿੰਬ ਹੈ । ਜਿਸਦੇ ਬਾਰੇ ਆਪ ਨੇ ਫ਼ਰਮਾਇਆ ਸੀ ਕਿ ਇਹ ਖ਼ਿਲਾਫ਼ਤ ਹੁਣ ਕਿਯਾਮਤ ਤੱਕ ਜਾਰੀ ਰਹੇਗੀ । ਉਸ ਰੱਬ ਦੀ ਮਹਾਨ ਕਿਰਪਾ ਹੈ ਕਿ ਇਹ ਖ਼ਿਲਾਫ਼ਤ ਆਪ ਦੇ ਦੇਹਾਂਤ ਮਗਰੋਂ 27 ਮਈ 1908 ਈ. ਤੋਂ ਅਰੰਭ ਹੋਈ ਅਤੇ ਹੁਣ ਪੰਜਵੇਂ ਰੂਹਾਨੀ ਖ਼ਲੀਫ਼ਾ ਹਜਰਤ ਮਿਰਜ਼ਾ ਮਸਰੂਰ ਅਹਮਦ ਸਾਹਬ ਵਿਦਮਾਨ ਹਨ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਅਤੇ ਆਪਦੇ ਬਾਦ ਆਉਣ ਵਾਲੀ ਖ਼ਿਲਾਫ਼ਤੇ ਅਹਮਦੀਆ ਦੇ ਮੁਬਾਰਕ ਸਮੇਂ ਵਿੱਚ ਹੁਣ ਤੱਕ ਜਮਾਤ ਅਹਮਦੀਆ ਅਨੇਕਾਂ ਵਿਰੋਧਤਾਵਾਂ ਤੇ ਦੁੱਖ ਝਲੱਣ ਦੇ ਬਾਦ ਵੀ ਦੁਨੀਆ ਦੇ 202 ਦੇਸ਼ਾਂ ਵਿੱਚ ਫੈਲ ਚੁੱਕੀ ਹੈ । 70 ਤੋਂ ਵੱਧ ਭਾਸ਼ਾਵਾਂ ਵਿੱਚ ਕੁਰਆਨ ਕਰੀਮ ਦੇ ਅਨੁਵਾਦ ਪ੍ਰਕਾਸ਼ਤ ਹੋ ਚੁੱਕੇ ਹਨ, ਅਨੇਕਾਂ ਭਾਸ਼ਾਵਾਂ ਵਿੱਚ ਇਸਲਾਮੀ ਲਿਟ੍ਰੇਚਰ ਪ੍ਰਕਾਸ਼ਤ ਹੋ ਰਿਹਾ ਹੈ । ਮੁਸਲਿਮ ਟੈਲੀਵੀਜ਼ਨ ਅਹਮਦੀਆ (MTA) ਰਾਹੀਂ 24 ਘੰਟੇ ਦੁਨੀਆ ਭਰ ਵਿੱਚ ਇਸਲਾਮ ਦਾ ਪ੍ਰਚਾਰ ਤੇ ਪ੍ਰਸਾਰ ਹੋ ਰਿਹਾ ਹੈ । ਦੁਨੀਆ ਦੇ ਦੂਰ ਦੁਰਾਡੇ ਦੇਸ਼ਾਂ ਵਿੱਚ ਮਸਜਿਦਾਂ ਬਨਾਉਣ ਦਾ ਕੰਮ ਅਰੰਭ ਹੈ ਇਸੇ ਪ੍ਰਕਾਰ ਕਈ ਦੇਸ਼ਾ ਵਿੱਚ ਬਿਨਾ ਕਿਸੇ ਪੱਖਪਾਤ ਦੇ ਮਾਨਵਤਾ ਦੀ ਭਲਾਈ ਦੇ ਕੰਮ ਹੋ ਰਹੇ ਹਨ ਵਿਦਿਅਕ ਅਦਾਰੇ ਅਤੇ ਸਿਹਤ ਕੇਂਦਰ (ਹਸਪਤਾਲ) ਖੋਲੇ ਗਏ ਹਨ । ਇਮਾਮ ਜਮਾਤ ਅਹਮਦੀਆ ਸਾਰੀ ਮਨੁੱਖਤਾ ਨੂੰ ਇਸਲਾਮ ਦੇ ਝੰਡੇ ਹੇਠ ਲਿਆਉਣ ਲਈ ਦਿਨ ਰਾਤ ਜਤਨ ਕਰ ਰਹੇ ਹਨ ਅਤੇ ਦੁਆਵਾਂ ਵਿੱਚ ਲੀਨ ਹਨ । ਇਸ ਕਾਰਜ ਲਈ ਜਿੱਥੇ ਮੁਸਲਮਾਨ ਆਗੂਆਂ ਨੂੰ ਓਹਨਾ ਦੀ ਜਿੰਮੇਵਾਰੀਆਂ ਵੱਲ ਧਿਆਨ ਖਿੱਚ ਰਹੇ ਹਨ ਉੱਥੇ ਯੁਰੋਪ ਤੇ ਅਮੇਰਿਕਾ ਦੇ

ਰਾਜਨੀਤਕਾਂ ਅਤੇ ਹੋਰਨਾ ਧਾਰਮਕ ਰਹਿਨੁਮਾਵਾਂ ਅਤੇ ਈਸਾਈਆਂ ਦੇ ਮਾਨਯੋਗ ਰੂਹਾਨੀ ਲੀਡਰ ਪੋਪ ਸਾਹਬ ਨੂੰ ਵੀ ਇਸਲਾਮ ਦਾ ਸੰਦੇਸ਼ ਪਹੁੰਚਾਉਂਦੇ ਹੋਏ ਉਹਨਾ ਸਾਰਿਆਂ ਨੂੰ ਇਸਲਾਮ ਦੀ ਅਮਨ ਬਖ਼ਸ਼ ਸਿੱਖਿਆ ਵੱਲ ਸੱਦਾ ਦੇ ਰਹੇ ਹਨ । ਅਤੇ ਸਭ ਤੋਂ ਵੱਡੀ ਬਰਕਤ ਜੋ ਅਹਮਦੀਆ ਖ਼ਿਲਾਫ਼ਤ ਰਾਹੀਂ ਜਮਾਤ ਅਹਮਦੀਆ ਨੂੰ ਪ੍ਰਾਪਤ ਹੈ ਉਹ ਅੰਤਰ ਰਾਸ਼ਟਰੀ ਭਾਈ ਚਾਰਾ ਹੈ ਜਿਸਦੇ ਸਿੱਟੇ ਵਿੱਚ ਪੂਰਬ ਪਛੱਮ ਤੇ ਹਰ ਰੰਗ, ਰੂਪ ਤੇ ਨਸਲ ਦੇ ਲੋਕ ਇਕ ਅਵਾਜ਼ ਉਪੱਰ ਉਠਦੇ ਤੇ ਇਕ ਇਸ਼ਾਰੇ ਉਪੱਰ ਬੈਠਦੇ ਹਨ, ਇਕ ਸ਼ਰੀਰ ਤੇ ਜਾਨ ਵਾਂਗ ਹਨ । ਵਾਸਤਵ ਵਿੱਚ ਇਹੋ ਹਕੀਕੀ ਇਸਲਾਮ ਹੈ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਲਿਆਏ ਸਨ । ਇਸ ਲਈ ਆਓ ! ਅੱਗੇ ਵਧੋ ! ਅਤੇ ਰੱਬ ਦੀ ਇਸ ਆਵਾਜ਼ ਨੂੰ ਪਛਾਣੋ ਤੇ ਪਰਵਾਨ ਕਰੋ ਜਿਸ ਦੇ ਲਈ ਦੁਆਵਾਂ ਰਾਹੀਂ ਮਦਦ ਹਾਸਲ ਕਰਨ ਅਤੇ ਇਹਦੇਨਸ ਸਿਰਾਤਲ ਮੁਸਤਕੀਮ ਦੀ ਦੁਆ ਨੂੰ ਅਧਿਕਤਰ ਪੜ੍ਹਨ ਦੀ ਲੋੜ ਹੈ ਕਿਉਕਿ ਚੋਦਵੀ ਸਦੀ ਲੰਘ ਚੁੱਕੀ ਹੈ ਅਤੇ ਪੰਦਰਵੀਂ ਸਦੀ ਹਿਜਰੀ ਦਾ 34ਵਾਂ ਵਰ੍ਹਾ ਚਲ ਰਿਹਾ ਹੈ ਇਸੇ ਲਈ ਹਜ਼ਰਤ ਬਾਨੀਏ ਜਮਾਤ ਅਹਮਦੀਆ ਅਤਿਅੰਤ ਦੁੱਖ ਨਾਲ ਫ਼ਰਮਾਉਂਦੇ ਹਨ :-

ਵਕਤ ਥਾ ਵਕਤੇ ਮਸੀਹਾ ਨ ਕਿਸੀ ਔਰ ਕਾ ਵਕਤ ।
ਮੈਂ ਨ ਆਤਾ ਤੋ ਕੋਈ ਔਰ ਹੀ ਆਯਾ ਹੋਤਾ !
ਕੌਮ ਕੇ ਲੋਗੋ ਇਧਰ ਆਓ ਕਿ ਨਿਕਲਾ ਆਫ਼ਤਾਬ ।
ਵਾਦੀਏ ਜ਼ੁਲਮਤ ਮੇਂ ਕਯਾ ਬੈਠੇ ਹੋ ਤੁਮ ਲੈਲੋ ਨਹਾਰ ।

ਵਧੇਰੇ ਜਾਨਕਾਰੀ ਲਈ ਸੰਪਰਕ ਕਰੋ :-

**Ahmadiyya Muslim Jama'at, India**
Head office
Nazarat Dawat Ilallah
Mohallah Ahmadiyya, Qadian
District-gurdaspur, Punjab 143516. INDIA.
www.ahmadiyya muslimjamaat.in
National Toll Free Number : 1800 180 2131
MUSLIM TELIVISION AHMADIYYA INTERNATIONAL (www.mta.tv)
Satellite : Asiasat 3s, Degree: 105.5 East, Frequency: 3760
Symbol Rate :26000 FEC : Auto